# ਮਾਈਕੋਫਿਨੋਲੇਟ MYCOPHENOLATE [MY-KO-FEN-O-LATE]

- ਮਾਈਕੋਫਿਨੋਲੇਟ ਮੋਫੇਟਿਲ (ਐੱਮ.ਐੱਮ.ਐੱਫ., ਟੇਵਾ-ਮਾਈਕੋਫਿਨੋਲੇਟ®, ਐਪੋ-ਮਾਈਕੋਫਿਨੋਲੇਟ®, ਸੈਨਡੋਜ਼-ਮਾਈਕੋਫਿਨੋਲੇਟ®, ਸੈਲਸੈਪਟ) ਗੋਲੀਆਂ ਅਤੇ ਕੈਪਸੂਲ
- ਮਾਈਕੋਫਿਨੋਲੇਟ ਸੋਡੀਅਮ (ਐਪੋ-ਮਾਈਕੋਫਿਨੋਲੇਟ ਸੋਡੀਅਮ, ਮਾਈਫੋਰਟਿਕ®) ਗੋਲੀਆਂ
- ਮਾਈਕੋਫਿਨੋਲੇਟ ਪੀਣ ਲਈ ਘੋਲ (ਸੈਲਸੈਪਟ®))
  - **ਧਿਆਨ ਰੱਖੋ ਕਿ ਮਾਈਕੋਫਿਨੋਲੇਟ ਮੋਫੇਟਿਲ ਅਤੇ ਮਾਈਕੋਫਿਨੋਲੇਟ ਸੋਡੀਅਮ ਨੂੰ ਕਦੇ ਨਹੀਂ ਰਲਾਉਣਾ।**
  - **ਇਨ੍ਹਾਂ ਨਿਰਦੇਸ਼ਾਂ ਵੱਲ ਧਿਆਨ ਦਿਓ ਕਿ ਤੁਹਾਡਾ ਫਾਰਮਾਸਿਸਟ ਅਤੇ ਨਰਸ ਕਿੰਨੀਆਂ ਗੋਲੀਆਂ ਖਾਣ ਨੂੰ ਕਹਿੰਦੇ ਹਨ।**

## ਇਹ ਦਵਾਈ ਕਿਹੋ ਜਿਹੀ ਨਜ਼ਰ ਆਉਂਦੀ ਹੈ? What does the medication look like?

ਇਸ ਦਵਾਈ ਦੇ ਕਈ ਬਰਾਂਡ ਹਨ ਅਤੇ ਇਸ ਚਿੱਤਰ ਵਿਚ ਦਿਖਾਈਆਂ ਗੋਲੀਆਂ ਸ਼ਾਇਦ ਤੁਹਾਡੀਆਂ ਗੋਲੀਆਂ ਵਾਂਗ ਨਾ ਦਿੱਸਣ। ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹਨ ਤਾਂ ਕਿਰਪਾ ਕਰ ਕੇ ਆਪਣੇ ਫਾਰਮਾਸਿਸਟ ਨੂੰ ਪੁੱਛੋ।

| | |
|---|---|
| **ਮਾਈਕੋਫਿਨੋਲੇਟ ਮੋਫੇਟਿਲ 250 ਮਿ.ਗ੍ਰਾਮ**<br><br><br>ਨੀਲੇ ਅਤੇ ਸੰਤਰੀ ਰੰਗ ਦੇ ਕੈਪਸੂਲ | **ਮਾਈਕੋਫਿਨੋਲੇਟ ਸੋਡੀਅਮ 180 ਮਿ.ਗ੍ਰਾਮ**<br><br><br>ਹਲਕੇ ਹਰੇ ਰੰਗ ਦੀਆਂ ਗੋਲ ਗੋਲੀਆਂ |
| **ਮਾਈਕੋਫਿਨੋਲੇਟ ਮੋਫੇਟਿਲ 500 ਮਿ.ਗ੍ਰਾਮ**<br><br><br>ਜਾਮਨੀ ਰੰਗ ਦੀ ਗੋਲੀ | **ਮਾਈਕੋਫਿਨੋਲੇਟ ਸੋਡੀਅਮ 360 ਮਿ.ਗ੍ਰਾਮ**<br><br><br>ਹਲਕੇ ਗੁਲਾਬੀ ਰੰਗ ਦੀ ਗੋਲੀ |

## ਇਹ ਦਵਾਈ ਕਿਸ ਲਈ ਹੈ? What is this medication for?

ਮਾਈਕੋਫਿਨੋਲੇਟ ਦਵਾਈ ਤੁਹਾਡੇ ਸਰੀਰ ਦੇ ਇਮਿਊਨ ਸਿਸਟਮ ਨੂੰ ਕਮਜ਼ੋਰ ਕਰਦੀ ਹੈ ਤਾਂ ਕਿ ਤੁਹਾਡਾ ਟ੍ਰਾਂਸਪਲਾਂਟ ਕੀਤਾ ਅੰਗ ਰੱਦ ਨਾ ਹੋਵੇ। ਇਹ ਖ਼ੂਨ ਦੇ ਕਣਾਂ ਨੂੰ ਕਮਜ਼ੋਰ ਕਰਦੀ ਹੈ ਤਾਂ ਕਿ ਉਹ ਨਵੇਂ ਅੰਗ ਨੂੰ ਨੁਕਸਾਨ ਨਾ ਪਹੁੰਚਾਉਣ।

## ਮੈਂ ਇਹ ਦਵਾਈ ਕਿਵੇਂ ਲਵਾਂ? How should I take this medication?

ਇਹ ਬੜਾ ਮਹੱਤਵਪੂਰਨ ਹੈ ਕਿ ਦਵਾਈ ਹਰ ਰੋਜ਼ ਨਿਸ਼ਚਿਤ ਸਮੇਂ ਤੇ ਹੀ ਲਈ ਜਾਏ ਤਾਂ ਕਿ ਸਰੀਰ ਵਿਚ ਦਵਾਈ ਸਤਰ ਇਕਸਾਰ ਬਣਿਆ ਰਹੇ।

| | | |
|---|---|---|
| | ਮਾਈਕੋਫਿਨੋਲੇਟ **ਮੋਫੇਟਿਲ** ਲਈ: ਇਹ ਦਵਾਈ **ਹਰ 12 ਘੰਟਿਆਂ** ਬਾਅਦ ਲਵੋ<br>(ਮਿਸਾਲ ਲਈ 9 ਵਜੇ ਸੁਬਾ ਅਤੇ 9 ਵਜੇ ਰਾਤੀਂ) | ਤੁਹਾਡੀ ਦਵਾਈ ਦਾ ਟਾਈਮ: ______________________ |
| | ਮਾਈਕੋਫਿਨੋਲੇਟ **ਸੋਡੀਅਮ** ਲਈ: ਇਹ ਦਵਾਈ **ਹਰ 12 ਘੰਟਿਆਂ** ਬਾਅਦ ਲਵੋ<br>(ਮਿਸਾਲ ਲਈ 9 ਵਜੇ ਸੁਬਾ ਅਤੇ 9 ਵਜੇ ਰਾਤੀਂ) | ਤੁਹਾਡੀ ਦਵਾਈ ਦਾ ਟਾਈਮ: ________________________ |

- ਮਾਈਕੋਫਿਨੋਲੇਟ ਦਵਾਈ **ਖਾਣੇ ਨਾਲ** ਲਵੋ ਤਾਂ ਕਿ ਪੇਟ ਵਿਚ ਗੜਬੜ ਘਟ ਹੋਵੇ, ਪਰ ਜੇ ਚਾਹੋ ਤਾਂ ਖਾਲੀ ਪੇਟ ਵੀ ਲੈ ਸਕਦੇ ਹੋ। ਪਰ ਇਕਸਾਰ ਰਹੋ ਜੇ ਖਾਣੇ ਨਾਲ ਲੈਂਦੇ ਹੋ ਤਾਂ ਹਮੇਸ਼ਾ ਖਾਣੇ ਨਾਲ ਲਵੋ ਅਤੇ ਜੇ ਖਾਲੀ ਪੇਟ ਲੈਂਦੇ ਹੋ ਤਾਂ ਹਮੇਸ਼ਾ ਖਾਲੀ ਪੇਟ ਲਵੋ।
- ਮਾਈਕੋਫਿਨੋਲੇਟ ਲੈਣ ਤੋਂ ਬਾਅਦ 2 ਘੰਟਿਆਂ ਅੰਦਰ ਕੈਲਸ਼ੀਅਮ ਦੇ ਸੰਪੂਰਕ ਜਾਂ ਐਂਟਐਸਿਡ (ਡਿਓਵੋਲ®,, ਮਾਲੋਕਸ®, ਵਗੈਰਾ) ਨਾ ਲਵੋ ਕਿਉਂਕਿ ਐਂਟਐਸਿਡ ਦਵਾਈ ਦਾ ਸਰੀਰ ਵਿਚ ਜਜ਼ਬ ਹੋਣਾ ਘਟ ਕਰ ਸਕਦੇ ਹਨ।
- ਤੁਸੀਂ ਮਾਈਕੋਫਿਨੋਲੇਟ ਦੇ ਨਾਲ ਪੇਟ ਵਿਚ ਐਸਿਡ ਘਟ ਕਰਨ ਵਾਲੀਆਂ ਦਵਾਈਆਂ (ਜਿਵੇਂ ਕਿ ਰੈਨਿਟਡਿਨ (ਜ਼ੈਨਟੈਕ®), ਪੈਂਟੋਪਰੋਜ਼ੋਲ (ਟੈਕਟਾ®) ਵਗੈਰਾ) ਲੈ ਸਕਦੇ ਹੋ।

Updated: Feb 2022

BC TRANSPLANT
Provincial Health Services Authority

- ਜੇ ਤੁਸੀਂ ਕਿਸੇ ਪਰੋਸੀਜਰ ਜਾਂ ਓਪਰੇਸ਼ਨ ਲਈ ਖਾਲੀ ਪੇਟ ਜਾਣਾ ਹੈ ਤਾਂ ਵੀ ਟ੍ਰਾਂਸਪਲਾਂਟ ਵਾਲੀ ਦਵਾਈ ਆਪਣੇ ਸਮੇਂ ਸਿਰ ਪਾਣੀ ਦੇ ਘੁੱਟ ਨਾਲ **ਜ਼ਰੂਰ** ਲੈ ਲਵੋ।

***ਯਾਦ ਰੱਖੋ: ਜੇ ਤੁਸੀਂ ਗਰਭਵਤੀ ਹੋ ਜਾਂ ਗਰਭ ਧਾਰਨ ਕਰਨ ਲਈ ਸੋਚ ਰਹੀ ਹੋ ਤਾਂ ਜਿੰਨੀ ਜਲਦੀ ਸੰਭਵ ਹੋ ਸਕੇ ਆਪਣੇ ਡਾਕਟਰ ਜਾਂ ਟ੍ਰਾਂਸਪਲਾਂਟ ਟੀਮ ਨਾਲ ਗਲ ਕਰੋ।***

## ਖ਼ੁਰਾਕ ਭੁੱਲ ਗਏ ਜਾਂ ਖ਼ੁਰਾਕ ਉਲਟੀ ਕਰ ਦਿੱਤੀ: Missed Dose or Vomited Dose:

**ਜੇ ਤੁਸੀਂ ਦਵਾਈ ਦੀ ਖ਼ੁਰਾਕ ਲੈਣੀ ਭੁੱਲ ਜਾਓ** ਤਾਂ ਜਦੋਂ ਯਾਦ ਆਵੇ ਲੈ ਲਵੋ ਅਤੇ ਅਗਲੀ ਖ਼ੁਰਾਕ ਆਪਣੇ ਨਿਸ਼ਚਿਤ ਸਮੇਂ ਤੇ ਲੈ ਲਵੋ। ਪਰ ਜੇ ਸਮਾਂ 6 ਘੰਟਿਆਂ ਤੋਂ ਜ਼ਿਆਦਾ ਹੋ ਗਿਆ ਹੈ ਤਾਂ ਇਹ ਖ਼ੁਰਾਕ ਰਹਿਣ ਦਿਓ ਅਤੇ ਅਗਲੀ ਖ਼ੁਰਾਕ ਹੀ ਟਾਈਮ ਸਿਰ ਲਵੋ। ਕਦੀ ਵੀ ਦੁਗਣੀ ਖ਼ੁਰਾਕ ਜਾਂ ਇੱਕ ਫਾਲਤੂ ਖ਼ੁਰਾਕ ਨਾ ਲਵੋ।

ਜੇ ਤੁਸੀਂ ਐਂਟੀ-ਰਿਜੈਕਸ਼ਨ ਦਵਾਈ ਲੈਣੀ 1 **ਦਿਨ ਤੋਂ ਵੱਧ ਸਮੇਂ ਲਈ ਭੁੱਲ** ਗਏ ਹੋ ਤਾਂ ਅਗਲੇ ਨਿਰਦੇਸ਼ਾਂ ਲਈ ਟ੍ਰਾਂਸਪਲਾਂਟ ਟੀਮ ਨੂੰ ਸੰਪਰਕ ਕਰੋ।

ਜੇ ਦਵਾਈ ਲੈਣ ਦੇ 30 ਮਿੰਟਾਂ ਅੰਦਰ **ਉਲਟੀ ਕਰ ਦਿਓ** ਜਾਂ ਜੇ ਤੁਸੀਂ ਕੁੱਝ ਦਵਾਈ ਉਲਟੀ ਨਾਲ ਬਾਹਰ ਆਉਂਦੀ ਵੇਖੋ ਤਾਂ ਖ਼ੁਰਾਕ ਦੁਬਾਰਾ ਲਵੋ। ਨਹੀਂ ਤਾਂ ਅਗਲੀ ਖ਼ੁਰਾਕ ਸਮੇਂ ਸਿਰ ਲਵੋ।

### ਇਸ ਦਵਾਈ ਦੇ ਸੰਭਾਵਿਤ ਬੁਰੇ ਪ੍ਰਭਾਵ ਕੀ ਹਨ? What are some possible side effects of this medication?

| *ਬੁਰੇ ਪ੍ਰਭਾਵ Side Effect* | ਇਲਾਜ Management |
|---|---|
| *ਦਿਲ ਵਿਚ ਜਲਣ, ਦਿਲ ਕੱਚਾ ਹੋਣਾ, ਉਲਟੀਆਂ ਅਤੇ ਦਸਤ* | ਇਹ ਸੁਨਿਸ਼ਚਿਤ ਕਰੋ ਕਿ ਦਵਾਈ ਖਾਣੇ ਦੇ ਨਾਲ ਖਾਣੀ ਹੈ। ਮਾਈਕੋਫਿਨੋਲੇਟ ਲੈਣ ਤੋਂ ਕੁੱਝ ਮਹੀਨਿਆਂ ਬਾਅਦ ਅਕਸਰ ਦਸਤ ਲੱਗਦੇ ਹਨ। ਆਪਣੇ ਡਾਕਟਰ ਜਾਂ ਟ੍ਰਾਂਸਪਲਾਂਟ ਟੀਮ ਨੂੰ ਦੱਸੋ ਜੇ ਕਰ ਦਸਤ ਜਾਰੀ ਰਹਿੰਦੇ ਹਨ ਜਾਂ ਪਰੇਸ਼ਾਨੀ ਦਾ ਕਾਰਨ ਹਨ। |
| *ਮਾਈਕੋਫਿਨੋਲੇਟ ਤੁਹਾਡੇ ਖ਼ੂਨ ਵਿਚੋਂ ਚਿੱਟੇ ਅਤੇ ਲਾਲ ਕਣਾਂ ਅਤੇ ਪਲੇਟਲੈਟ ਨੂੰ ਘੱਟ ਕਰ ਸਕਦੀ ਹੈ।*<br><br>*ਤੁਹਾਨੂੰ ਇਨਫੈਕਸ਼ਨ ਦਾ ਅਤੇ ਖ਼ੂਨ ਵੱਗਣ ਦਾ ਜ਼ਿਆਦਾ ਖ਼ਤਰਾ ਹੋ ਸਕਦਾ ਹੈ* | ਤੁਹਾਡੇ ਖ਼ੂਨ ਵਿਚ ਸੈੱਲਾਂ ਦੀ ਮਾਤਰਾ ਚੈੱਕ ਕਰਨ ਲਈ ਤੁਹਾਡੇ ਖ਼ੂਨ ਤੇ ਰੈਗੂਲਰ ਕੰਮ ਕੀਤਾ ਜਾਏਗਾ।<br><br>ਆਪਣੇ ਡਾਕਟਰ ਨੂੰ ਦੱਸੋ ਜੇ ਇਨ੍ਹਾਂ ਵਿਚੋਂ ਕੋਈ ਲੱਛਣ ਨਜ਼ਰ ਆਵੇ:<br>• ਇਨਫ਼ੈਸਨ ਦੀਆਂ ਨਿਸ਼ਾਨੀਆਂ ਜਾਂ ਲੱਛਣ (ਬੁਖ਼ਾਰ ਜਾਂ ਠੰਢ, ਖੰਘ, ਗਲੇ ਵਿਚ ਖ਼ਾਰਸ਼ ਜਾਂ ਦਰਦ ਜਾਂ ਪਿਸ਼ਾਬ ਕਰਨ ਵਿਚ ਦਿੱਕਤ)<br>• ਖ਼ੂਨ ਵਗਣ ਦੀਆਂ ਨਿਸ਼ਾਨੀਆਂ (ਰਗੜ, ਕਾਲੇ ਰੰਗ ਦੀ ਟੱਟੀ, ਉਲਟੀ ਵਿਚ ਖ਼ੂਨ ਜਾਂ ਪਿਸ਼ਾਬ ਵਿਚ ਖ਼ੂਨ)<br>• ਖ਼ੂਨ ਵਿਚ ਲਾਲ ਕਣਾਂ ਦੀ ਕਮੀ ਦੀਆਂ ਨਿਸ਼ਾਨੀਆਂ (ਕਮਜ਼ੋਰੀ ਜਾਂ ਥਕਾਵਟ, ਬੇਹੋਸ਼ੀ ਹੋਣੀ, ਸਿਰ ਹਲਕਾ ਮਹਿਸੂਸ ਹੋਣਾ)<br><br>ਇਨਫ਼ੈਕਸ਼ਨ (ਜ਼ੁਕਾਮ/ਫਲੂ) ਵਾਲੇ ਲੋਕਾਂ ਨਾਲ ਸੰਪਰਕ ਤੋਂ ਪ੍ਰਹੇਜ਼ ਕਰਨ ਦੀ ਕੋਸ਼ਿਸ਼ ਕਰੋ। ਆਪਣੇ ਹੱਥ ਬਾਰ ਬਾਰ ਧੋਵੋ। |
| *ਕੈਂਸਰ* | ਇਹ ਦਵਾਈ ਲੈਣ ਨਾਲ ਤੁਹਾਨੂੰ ਚਮੜੀ ਅਤੇ ਹੋਰ ਕਿਸਮ ਦੇ ਕੈਂਸਰ ਹੋਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਜੇ ਤੁਹਾਡੇ ਵਿਚ ਕੈਂਸਰ ਦੀ ਪੁਸ਼ਟੀ ਹੁੰਦੀ ਹੈ ਤਾਂ ਆਪਣੀ ਟ੍ਰਾਂਸਪਲਾਂਟ ਟੀਮ ਨੂੰ ਦਸੋ। ਹੋਰ ਜ਼ਿਆਦਾ ਜਾਣਕਾਰੀ ਲਈ "ਕੈਂਸਰ ਰਿਸਕ" ਸੈਕਸ਼ਨ ਦੇਖੋ। |